## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਵੱਲ

ਸਮੂਹ ਸਕੂਲ ਮੁਖੀ,
ਸਰਕਾਰੀ/ਪ੍ਰਾਇਵੇਟ/ਏਡਿਡ
ਜਿਲ੍ਹਾ ਅੰਮ੍ਰਿਤਸਰ

ਪੱਤਰ ਨੰ:ਜੀ-6-2017/ 1299-1498
ਮਿਤੀ:- 22-11-17

ਵਿਸ਼ਾ:- ਸਾਲ 2017-18 ਡਾ ਅੰਬੇਦਕਰ ਪੋਰਟਲ:- ਪੋਸਟ ਮੈਟ੍ਰਿਕ ਸਕਾਲਰਸਿਪ ਆਫ ਐਸ.ਸੀ/ਬੀ.ਸੀ ਦੀ ਚੈਕਿੰਗ ਸਬੰਧੀ

ਹਵਾਲਾ:- ਭਲਾਈ ਵਿਭਾਗ ਦੇ ਨੋਟਿਫਿਕੇਸ਼ਨ ਨੰ:3/28/17/ਐਸ.ਏ-1903 ਮਿਤੀ 22-9-2017 ਅਤੇ ਡਾਇਰੈਕਟਰ ਸਿੱਖਿਆ ਵਿਭਾਗ ਦੇ ਪੱਤਰ ਨੰ: 20/11-2017 ਵਜੀਫਾ-3 ਮਿਤੀ 07-11-2017

ਵਿਸ਼ਾ ਅੰਕਿਤ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸਮੂਹ ਸੀਨੀਅਰ ਸੈਕੰਡਰੀ ਸਕੂਲਾ ਦੇ ਮੁੱਖੀਆ ਨੂੰ ਭੇਜ ਕਿ ਲਿਖਿਆ ਜਾਦਾ ਹੈ ਕਿ ਵਿਭਾਗ ਵੱਲੋ ਇਸ ਵਿਦਿਅਕ ਸਾਲ ਲਈ ਪੋਸਟ ਮੈਟ੍ਰਿਕ ਐਸ.ਸੀ/ਬੀ.ਸੀ ਵਿਦਿਆਰਥੀਆ ਦੀਆ ਐਲਪੀਕੇਸ਼ਨ ਦੀ ਫਿਜਿਕਲ ਚੈਕਿੰਗ ਉਪਰੰਤ ਹੀ ਐਪਲੀਕੇਸ਼ਨ ਨੂੰ ਪੋਰਟਲ **Accept** ਕੀਤਾ ਜਾਵੇਗਾ। ਤਾਂ ਜੋ ਇਸ ਕੰਮ ਨੂੰ ਸਮੇ ਸਿਰ ਮਿਤੀ 24-11-2017 ਤੱਕ ਨਿਪਟਾਇਆ ਜਾ ਸਕੇ। ਇਸ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਹੇਠ ਲਿਖੀ ਸਮਾਂ ਸਾਰਣੀ ਅਨੁਸਾਰ ਆਪ ਇਸ ਦਫ਼ਤਰ ਵਿਖੇ ਸ੍ਰੀ ਪ੍ਰਭਜੋਤ ਸਿੰਘ ਡੀਲਿੰਗ ਸਹਾਇਕ ਨੂੰ ਹੇਠਾਂ ਅਨੁਸਾਰ ਸੂਚਨਾਂ ਦਿੱਤੀ ਜਾਵੇ ਅਤੇ ਸਬੰਧਤ ਰਿਕਾਰਡ ਵੀ ਚੈਕ ਕਰਵਾਇਆਂ ਜਾਵੇ। ਬਿਨਾਂ ਸੂਚਨਾਂ ਦਿੱਤੇ ਜਾਂ ਬਿਨਾਂ ਰਿਕਾਰਡ ਚੈਕ ਕਰਵਾਏ ਜਿਲ੍ਹੇ ਦੇ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਐਪਲੀਕੇਸ਼ਨਾਂ ਨੂੰ ਅਪਰੂਵ ਨਹੀ ਕੀਤਾ ਜਾ ਸਕਦਾ ਇਸ ਲਈ ਆਪ ਦੇ ਸਹਿਯੋਗ ਦੀ ਲੋੜ ਹੈ।

ਸਮੂਹ ਸਕੂਲ ਦੇ ਮੁੱਖੀਆਂ ਨੂੰ ਲਿਖਿਆ ਕਿ ਆਪ ਹਵਾਲਾ ਅਧੀਨ ਪੱਤਰ ਦੀਆ ਹਦਾਇਤ ਅਨੁਸਾਰ ਹੇਠ ਲਿਖੇ ਦਸਤਾਵੇਜ ਸਬੰਧਤ ਡੀਲਿੰਗ ਸਹਾਇਕ ਨੂੰ ਚੈਕ ਕਰਵਾਉ ਅਤੇ ਆਪਣੇ ਸਕੂਲ ਦੀਆ ਵੈਰੀਫਾਈ ਕੀਤੀਆ ਐਪਲੀਕੇਸ਼ਨ ਦੀ ਮੁਕੰਮਲ ਰਿਪੋਰਟ ਹੇਠ ਲਿਖੇ ਅਨੁਸਾਰ ਇਸ ਦਫਤਰ ਨੂੰ ਦਿੱਤੀ ਜਾਵੇ ਤਾਂ ਜੋ ਜਿਲ੍ਹਾ ਲੈਵਲ ਤੋ ਐਪਲੀਕੇਸ਼ਨ ਨੂੰ ਨਿਰਧਾਰਤ ਮਿਤੀ ਤੋ ਪਹਿਲਾ -ਪਹਿਲਾ ਅੱਗੇ Line Department ਨੂੰ ਅਗਲੇਰੀ ਕਾਰਵਾਈ ਲਈ ਭੇਜਿਆ ਜਾ ਸਕੇ ।

**ਦਸਤਾਵੇਜ ਜੋ ਚੈਕ ਕਰਨੇ ਹਨ :-** **(ਐਸ.ਸੀ/ ਬੀ.ਸੀ ਦੋਹਾ ਕੇਸਾ ਵਿੱਚ)**

1. ਵਿਦਿਆਰਥੀ ਦੀ ਹਾਜਰੀ 75% ਹੈ ਜਾ ਨਹੀ
2. ਵਿਦਿਆਰਥੀ ਦੀ ਅੰਡਰਟੇਕਿੰਗ
3. ਓ.ਬੀ.ਸੀ ਵਿਦਿਆਰਥੀਆ ਦੇ ਪਿਛਲੀ ਜਮਾਤ ਦੇ ਨੰਬਰ 60% ਹੈ **(ਕੇਵਲ ਬੀ.ਸੀ ਵਿਦਿਆਰਥੀਆ ਲਈ)**
4. ਵਿਦਿਆਰਥੀਆ ਦੇ Caste Certificate
5. ਵਿਦਿਆਰਥੀਆ ਦੇ ਮਾਪਿਆ ਦਾ Income Certificate /Self Declaration
6. ਵਿਦਿਆਰਥੀਆ ਦੁਆਰਾ ਸਕੂਲ ਨੂੰ ਦਿੱਤੀ ਗਈ ਫੀਸ/ਫੰਡ

**ਨੋਟ:- 1. ਹਰ ਐਪਲੀਕੇਸ਼ਨ ਨਾਲ ਲੜੀ ਨੰ: 2,3,4,5,6 ਦਸਤਾਵੇਜ ਲੱਗੇ ਹੋਣੇ ਚਾਹੀਦੇ ਹਨ ।**

**2. ਜੇਕਰ ਕਿਸੇ ਸਕੂਲ ਵੱਲੋ ਗਲਤੀ ਨਾਲ ਵਿਦਿਆਰਥੀ ਰਿਜੈਕਟ ਹੋ ਗਏ ਹਨ ਉਨ੍ਹਾ ਦੀ ਸੂਚਨਾ ਹੇਠ ਲਿਖੇ ਅਨੁਸਾਰ ਦਿੱਤੀ ਜਾਵੇ ਤਾ ਜੋ ਜਿਲ੍ਹਾ ਪੱਧਰ ਤੇ Accept ਕੀਤੇ ਜਾ ਸਕਣ**

| ਆਈ.ਡੀ | ਵਿਦਿਆਰਥੀ ਦਾ ਨਾਮ | ਬਣਦੀ ਫੀਸ | ਜਮਾਤ | ਜਾਤ | ਸਕੂਲ ਦਾ ਨਾਮ |
|---|---|---|---|---|---|

ਹਰ ਪ੍ਰਿੰਸੀਪਲ ਆਪਣੇ ਸਕੂਲ ਦਾ ਫਾਇਨਲ ਪ੍ਰਿੰਟ ਆਊਟ ਅਤੇ ਉਪਰੋਕਤ ਸਾਰੇ ਵਿਦਿਆਰਥੀ ਨਾਲ ਸਬੰਧਤ ਦਸਤਾਵੇਜ ਚੈਕ ਕਰਵਾਉਣ ਉਪਰੰਤ ਚੈਕਿੰਗ ਕਰਤਾ ਨੂੰ ਹੇਠ ਲਿਖੇ ਅਨੁਸਾਰ ਦਸਤਾਵੇਜ ਸੋਪਣਗੇ ।

1. ਵਿਭਾਗ ਵੱਲੋ ਨਿਰਧਾਰਤ **ਸਕੂਲ ਮੁੱਖੀ ਵੱਲੋ ਪੋਰਟਲ ਤੇ ਅਪਲੋਡ ਕੀਤੀ ਗਈ ਅੰਡਟੇਕਿੰਗ ਦੀ ਕਾਪੀ**
2. **ਫਾਇਨਲ ਪ੍ਰਿੰਟ ਆਊਟ ਦੀ ਕਾਪੀ**- ਤਸਦੀਕ ਸੁਦਾ

| ਲੜੀ ਨੰ: | ਮਿਤੀ | ਤਹਿਸੀਲ ਵਿਚ ਆਉਦੇ ਸਮੂਹ ਸਕੂਲ | ਚੈਕਿੰਗ ਦਾ ਸਮਾਂ |
|---|---|---|---|
| 1 | 24/11/2017 | ਅੰਮ੍ਰਿਤਸਰ-2 | 10.00 ਸਵੇਰੇ |
| 2 | 24/11/2017 | ਬਾਬਾ ਬਕਾਲਾ | 12.00 ਦੁਪਹਿਰ |
| 3 | 27/11/2017 | ਮਜੀਠਾ ਅਤੇ ਅੰਮ੍ਰਿਤਸਰ-1 | 10.00 ਸਵੇਰੇ |
| 4 | 27/11/2017 | ਅਜਨਾਲਾ | 12.00 ਦੁਪਹਿਰ |

**ਨੋਟ:- ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਚੈਕਿੰਗ ਵਿਚ ਆਪ ਨਿੱਜੀ ਪਧੱਰ ਤੇ ਸਮੇਤ ਸਕੂਲ ਲੈਟਰ ਪੈਡ ਅਤੇ ਸਮੇਤ ਸਟੈਪ ਹਾਜਰ ਹੋਣਗੇ।**

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ
24/11/17